




# Orientation to Ontario

## ਨਿਰੰਤਰ ਸਿੱਖਿਆ ਅਤੇ ਭਾਸ਼ਾ ਦੀ ਸਿਖਲਾਈ

### ਨਿਰੰਤਰ ਸਿੱਖਿਆ

ਨਿਰੰਤਰ ਸਿੱਖਿਆ ਨੂੰ ਬਾਲਗ਼ ਸਿੱਖਿਆ ਵਜੋਂ ਵੀ ਜਾਣਿਆ ਜਾਂਦਾ ਹੈ, ਇਸ ਵਿੱਚ ਕੋਰਸਾਂ ਦੀਆਂ ਸਾਰੀਆਂ ਕਿਸਮਾਂ ਸ਼ਾਮਿਲ ਹੁੰਦੀਆਂ ਹਨ, ਜਿਹਨਾਂ ਨੂੰ ਬਾਲਗ਼ ਯੂਨੀਵਰਸਿਟੀ ਜਾਂ ਕਾਲਜ ਵਿੱਚ ਆਪਣੀ ਰਸਮੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਇਹ ਕੋਰਸ ਲੈਂਦੇ ਹਨ। ਇਹ ਕੋਰਸ ਨਿੱਜੀ ਦਿਲਚਸਪੀਆਂ (ਜਿਵੇਂ ਸ਼ੌਕ) ਵਧਾਉਣ ਜਾਂ ਕੰਮ ਸਬੰਧੀ ਟੀਚੇ (ਜਿਵੇਂ ਕੰਪਿਊਟਰ ਸਬੰਧੀ ਮੁਹਾਰਤਾਂ ) ਹਾਸਿਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਨਿਰੰਤਰ ਸਿੱਖਿਆ ਦੀ ਪੇਸ਼ਕਸ਼ ਸਕੂਲ ਬੋਰਡਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਲੋਂ ਆਮ ਤੌਰ 'ਤੇ ਸ਼ਾਮ ਨੂੰ ਜਾਂ ਹਫ਼ਤੇ ਦੇ ਅਖ਼ੀਰਲੇ ਦਿਨਾਂ ਵਿੱਚ ਕੀਤੀ ਜਾਂਦੀ ਹੈ।

- ਆਪਣੇ ਸਥਾਨਕ ਸਕੂਲ ਬੋਰਡ ਦਾ ਪਤਾ ਲਾਉਣ ਲਈ ontario.ca ਜਾਂ findlink.at/schoolinfo 'ਤੇ ਜਾਓ।
- ਓਂਟਾਰੀਓ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਪਤਾ ਲਾਉਣ ਲਈ, ontario.ca ਜਾਂ findlink.at/findschool
- ਆਪਣੀਆਂ ਪੜ੍ਹਣ, ਲਿਖਣ ਅਤੇ ਗਣਿਤ ਦੀਆਂ ਮੁਹਾਰਤਾਂ ਬਿਹਤਰ ਬਣਾਉਣ ਬਾਰੇ ਜਾਣਨ ਲਈ ontario.ca ਜਾਂ findlink.at/adultlearn 'ਤੇ ਜਾਓ।
- ਜੇ ਤੁਹਾਡੀ ਉਮਰ 18 ਸਾਲ ਤੋਂ ਵੱਧ ਹੈ ਅਤੇ ਸੈਕੰਡਰੀ ਸਕੂਲ ਦਾ ਡਿਪਲੋਮਾ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ontario.ca ਜਾਂ findlink.at/OSSD 'ਤੇ ਆਪਣੇ ਇਲਾਕੇ ਵਿਚਲੇ ਮੁਫ਼ਤ ਪ੍ਰੋਗਰਾਮ ਦਾ ਪਤਾ ਲਾ ਸਕਦੇ ਹੋ।

ਸੁਤੰਤਰ ਪੜ੍ਹਾਈ-ਲਿਖਾਈ ਦੇ ਸੈਂਟਰ (The Independent Learning Centre) ਕਈ ਹਾਈ ਸਕੂਲ ਕ੍ਰੈਡਿਟ ਸਕੋਰਾਂ ਦੀ ਆਨਲਾਈਨ ਪੇਸ਼ਕਸ਼ ਕਰਦੇ ਹਨ। ਹੋਰ ਜਾਣਕਾਰੀ ਲਈ ilc.org 'ਤੇ ਜਾਓ।

### ਭਾਸ਼ਾ ਦੀ ਸਿਖਲਾਈ

ਸਕੂਲਾਂ ਦੇ ਬੋਰਡ, ਕਾਲਜ ਅਤੇ ਭਾਈਚਾਰਕ ਏਜੰਸੀਆਂ, ਸਰਕਾਰੀ ਰਕਮਾਂ ਨਾਲ ਚੱਲਣ ਵਾਲੀਆਂ ਅੰਗ੍ਰੇਜ਼ੀ ਅਤੇ ਫ਼੍ਰੈਂਚ ਵਿੱਚ ਭਾਸ਼ਾ ਦੀਆਂ ਕਲਾਸਾਂ ਦੀ ਪੇਸ਼ਕਸ਼ ਕਰਦੀਆਂ ਹਨ। ਯੂਨੀਵਰਸਿਟੀਆਂ ਅਤੇ ਭਾਸ਼ਾ ਸਬੰਧੀ ਪ੍ਰਾਈਵੇਟ ਸਕੂਲ ਵੀ ਭਾਸ਼ਾ ਸਬੰਧੀ ਕੋਰਸਾਂ ਦੀ ਪੇਸ਼ਕਸ਼ ਕਰਦੇ ਹਨ, ਪਰ ਇਹਨਾਂ ਕੋਰਸਾਂ ਲਈ ਫ਼ੀਸ ਲਗਦੀ ਹੈ।

ਓਂਟਾਰੀਓ ਵਿੱਚ ਭਾਸ਼ਾ ਸਬੰਧੀ ਕੋਰਸਾਂ ਦੀਆਂ ਕਈ ਵੱਖ-ਵੱਖ ਕਿਸਮਾਂ ਉਪਲਬਧ ਹਨ। ਭਾਸ਼ਾ ਸਬੰਧੀ ਕੋਰਸਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀ ਇੱਕ ਸੂਚੀ ਦਿੱਤੀ ਗਈ ਹੈ:

- ਅੰਗ੍ਰੇਜ਼ੀ ਸਾਖਰਤਾ ਵਿਕਾਸ (ELD)
- ਦੂਜੀ ਭਾਸ਼ਾ ਵਜੋਂ ਅੰਗ੍ਰੇਜ਼ੀ ਅਤੇ ਫ਼੍ਰੈਂਚ (ESL ਅਤੇ FSL)
- ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਦੀ ਪੜ੍ਹਾਈ (LINC).
- ਕੰਮ-ਧੰਦੇ ਨਾਲ ਜੁੜੀ ਵਿਸ਼ੇਸ਼ ਭਾਸ਼ਾ ਦੀ ਸਿਖਲਾਈ (OSLT)
- ਭਾਸ਼ਾ ਦੀ ਸਿਖਲਾਈ ਨੂੰ ਵਧਾਉਣਾ (ELT)
- Cours de langue pour les immigrants au Canada (CLIC)
- ਭਾਸ਼ਾ ਦੀ ਵਿਸ਼ੇਸ਼ ਸਿਖਲਾਈ (SLT)

ਉਪਲਬਧ ਭਾਸ਼ਾ ਦੀਆਂ ਕਲਾਸਾਂ ਦੀਆਂ ਵੱਖ-ਵੱਖ ਕਿਸਮਾਂ ਦੇ ਬਿਓਰੇ ਲਈ inmylanguage.org ਜਾਂ findlink.at/ESLprogram 'ਤੇ ਜਾਓ।




Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

ਆਪਣੇ ਇਲਾਕੇ ਵਿੱਚ ਭਾਸ਼ਾ ਦੀਆਂ ਕਲਾਸਾਂ ਦਾ ਪਤਾ ਲਾਉਣ ਲਈ ontarioimmigration.ca ਜਾਂ findlink.at/onlinetool 'ਤੇ ਓਂਟਾਰੀਓ ਇਮੀਗ੍ਰੇਸ਼ਨ 'ਤੇ ਜਾਓ।

LINC ਹੋਮ ਸਟੱਡੀ (ਤੁਸੀਂ ਭਾਸ਼ਾ ਦੀ ਸਿਖਲਾਈ ਘਰ ਤੋਂ ਕਰ ਸਕਦੇ ਹੋ) ਬਾਰੇ ਜਾਣਨ ਲਈ ontario.ca ਜਾਂ findlink.at/homestudy 'ਤੇ ਜਾਓ।

ਓਂਟਾਰੀਓ ਦੇ ਕਾਲਜਾਂ ਵਿੱਚ ਪੇਸ਼ਕਸ਼ ਕੀਤੇ ਜਾਂਦੇ ਕੰਮ-ਧੰਦੇ ਨਾਲ ਜੁੜੀ ਵਿਸ਼ੇਸ਼ ਭਾਸ਼ਾ ਦੀ ਸਿਖਲਾਈ (OSLT) ਬਾਰੇ ਜਾਣਨ ਲਈ co-oslt.org 'ਤੇ ਜਾਓ।

## ਭਾਸ਼ਾ ਸਬੰਧੀ ਮੁਲਾਂਕਣ

ਇਸ ਤੋਂ ਪਹਿਲਾਂ ਕਿ ਤੁਸੀਂ ਰਜਿਸਟ੍ਰੇਸ਼ਨ ਕਰਾ ਸਕੋ, ਭਾਸ਼ਾ ਦੇ ਕੁਝ ਕੋਰਸਾਂ ਲਈ ਭਾਸ਼ਾ ਦੀਆਂ ਮੁਹਾਰਤਾਂ ਸਬੰਧੀ ਮੁਲਾਂਕਣ ਦੀ ਲੋੜ ਪੈਂਦੀ ਹੈ। ਆਪਣੇ ਇਲਾਕੇ ਵਿਚਲੇ ਇੱਕ ਮੁਲਾਂਕਣ ਸੈਂਟਰ ਵਾਸਤੇ ਤੁਹਾਨੂੰ ਸੇਧ ਦੇਣ ਲਈ ਆਪਣੇ ਸੈਟਲਮੈਂਟ ਸਲਾਹਕਾਰ ਨੂੰ ਪੁੱਛੋ।

ਆਪਣੀ ਨਜ਼ਦੀਕੀ ਸੈਟਲਮੈਂਟ ਏਜੰਸੀ ਦਾ ਪਤਾ ਲਾਉਣ ਲਈ settlement.org/findhelp 'ਤੇ ਜਾਓ।

language.ca ਜਾਂ findlink.at/clb-assess 'ਤੇ ਭਾਸ਼ਾ ਦੇ ਮੁਲਾਂਕਣ ਬਾਰੇ ਹੋਰ ਜਾਣੋ।



### ਕੀ ਤੁਹਾਨੂੰ ਪਤਾ ਹੈ?

ਨਿਰੰਤਰ ਸਿੱਖਿਆ ਲਈ ਮੁਲਾਜ਼ਮਾਂ ਵਾਸਤੇ ਭੁਗਤਾਨ ਕਰਨ ਵਿੱਚ ਮਦਦ ਲਈ ਕਈ ਨੌਕਰੀਦਾਤਿਆਂ ਦੇ ਪੇਸ਼ੇਵਾਰਾਨਾ ਵਿਕਾਸ ਪ੍ਰੋਗਰਾਮ ਹਨ। ਉਪਲਬਧ ਵਿਕਲਪਾਂ ਬਾਰੇ ਆਪਣੇ ਮੈਨੇਜਰ ਜਾਂ ਮਨੁੱਖੀ ਸ੍ਰੋਤਾਂ ਬਾਰੇ ਵਿਭਾਗ ਤੋਂ ਪੁੱਛੋ।

